# ਫੇਂਟੇਨਿਲ (Fentanyl) ਬਾਰੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ
**(Fentanyl FAQ (FrequentlyAsked Questions))**

## ਫੇਂਟੇਨਿਲ ਕੀ ਹੈ?
**(What is fentanyl?)**

ਫੇਂਟੇਨਿਲ ਇੱਕ ਤੇਜ਼ ਦਵਾਈ ਹੈ ਜੋ ਅਫ਼ੀਮ (ਅਚਾਨਕ ਅਤੇ ਨਿਰੰਤਰ ਦਰਦ ਦੇ ਇਲਾਜ ਲਈ ਵਰਤੇ ਜਾਂਦੇ ਰਸਾਇਣ) ਤੋਂ ਬਣੀ ਹੁੰਦੀ ਹੈ। ਇਹ ਹੋਰਨਾਂ ਅਫ਼ੀਮ-ਪਦਾਰਥਾਂ ਜਿਵੇਂ ਕਿ ਮੌਰਫ਼ੀਨ, ਹੈਰੋਇਨ, ਜਾਂ ਆਕਸੀਕੋਡੋਨ (oxycodone) ਤੋਂ 100 ਗੁਣਾ ਤੇਜ ਹੁੰਦੀ ਹੈ।

ਡਰੱਗ ਡੀਲਰ ਅਕਸਰ ਫੇਂਟੇਨਿਲ ਨੂੰ ਨਕਲੀ ਆਕਸੀਕੋਡੋਨ ਵੱਜੋਂ ਵੇਚਦੇ ਹਨ। ਖਰੀਦਦਾਰਾਂ ਨੂੰ ਇਹ ਲੱਗ ਸਕਦਾ ਹੈ ਕਿ ਉਹ ਆਕਸੀਕੋਡੋਨ ਲੈ ਰਹੇ ਹਨ, ਪਰ ਉਹ ਇੱਕ ਹੋਰ ਅਫ਼ੀਮ ਵਾਲੀ ਦਵਾਈ ਲੈ ਰਹੇ ਹੁੰਦੇ ਹਨ ਜਿਸ ਵਿੱਚ ਫੇਂਟੇਨਿਲ ਅਤੇ ਹੋਰ ਪਦਾਰਥ ਹੁੰਦੇ ਹਨ। ਸੜਕ 'ਤੇ, ਇਹਨਾਂ ਦਵਾਈਆਂ ਦੇ ਛੋਟੇ ਨਾਮ ਹੁੰਦੇ ਹਨ ਜਿਵੇਂ ਕਿ:

- ਬੀਨਜ਼ (beans)
- ਗ੍ਰੀਨ ਐਪਲ (green apples)
- ਐਪਲ (apples)
- ਸ਼ੇਡੀ ਏਟੀਜ਼ (shady eighties)
- ਏਟੀਜ਼ (eighties)
- ਫੇਕ ਆਕਸੀ (fake oxy)
- ਗ੍ਰੀਨੀਜ਼ (greenies)

## ਲੋਕ ਫੇਂਟੇਨਿਲ ਕਿਉਂ ਲੈਂਦੇ ਹਨ?
**(Why do people take fentanyl?)**

ਲੋਕ ਫੇਂਟੇਨਿਲ ਅਜਿਹੇ ਦਰਦ (ਮਿਸਾਲ ਲਈ ਕੈਂਸਰ ਦੇ ਦਰਦ) ਤੋਂ ਰਾਹਤ ਲਈ ਲੈਂਦੇ ਹਨ ਜਿਸ ਵਿੱਚ ਦੂਜੀਆਂ ਦਵਾਈਆਂ ਨਾਲ ਮਦਦ ਨਹੀ ਮਿਲ ਸਕੀ ਹੈ। ਹੋਰ ਲੋਕ ਨਸ਼ੇ ਦੀ ਮਦਮਸਤੀ ਜਾਂ ਸੌਣ ਵਿੱਚ ਮਦਦ ਲਈ ਇਸ ਨੂੰ ਵਰਤ ਸਕਦੇ ਹਨ।

## ਫੇਂਟੇਨਿਲ ਆਕਸੀਕੋਡੋਨ ਅਤੇ ਹੋਰਨਾਂ ਅਫ਼ੀਮ-ਪਦਾਰਥਾਂ ਤੋਂ ਕਿਵੇਂ ਵੱਖਰੀ ਹੈ?
**(How is fentanyl different from oxycodone and other opioids?)**

ਫੇਂਟੇਨਿਲ ਆਕਸੀਕੋਡੋਨ ਅਤੇ ਹੋਰਨਾਂ ਅਫ਼ੀਮ-ਪਦਾਰਥਾਂ ਤੋਂ ਬਹੁਤ ਜ਼ਿਆਦਾ ਤੇਜ਼ ਹੈ। ਫੇਂਟੇਨਿਲ ਨੂੰ ਜਦੋਂ ਮੂੰਹ ਰਾਹੀਂ ਜਾਂ ਅੰਤਰ-ਨਸੀ (IV) ਟੀਕੇ ਰਾਹੀਂ ਲਿਆ ਜਾਂਦਾ ਹੈ, ਤਾਂ ਇਸ ਦਾ ਜ਼ਿਆਦਾਤਰ ਦੂਜੇ ਅਫ਼ੀਮ-ਪਦਾਰਥਾਂ ਨਾਲੋਂ ਜ਼ਿਆਦਾ ਤੇਜ਼ ਪ੍ਰਭਾਵ ਹੁੰਦਾ ਹੈ।

## ਮੈਂ ਇਹ ਕਿਵੇਂ ਯਕੀਨੀ ਬਣ ਸਕਦਾ/ਸਕਦੀ ਹਾਂ ਕਿ ਮੈਂ ਅਸਲ ਫੈਂਟੇਨਲ ਖਰੀਦ ਰਿਹਾ/ਰਹੀ ਹਾਂ?
**(How can I be sure that I'm buying real fentanyl?)**

ਇਹ ਯਕੀਨੀ ਬਣਾਉਣ ਲਈ, ਕਿ ਤੁਹਾਡੀ ਫੇਂਟੇਨਿਲ ਅਸਲ ਹੋਵੇ, ਇਸ ਦਾ ਡਾਕਟਰ ਤੋਂ ਨੁਸਖ਼ਾ ਲਿਖਾਓ। ਤੁਸੀਂ ਆਪਣੇ ਡਾਕਟਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਕੇ ਅਤੇ ਸਿਫਾਰਸ਼ ਕੀਤੀ ਖੁਰਾਕ ਲੈ ਕੇ ਇਸ ਨੂੰ ਸੁਰੱਖਿਅਤ ਢੰਗ ਨਾਲ ਲੈ ਸਕਦੇ ਹੋ। ਪਰ, ਸੜਕ 'ਤੇ ਖਰੀਦੀਆਂ ਜਾਂਦੀਆਂ ਡਰੱਗਜ਼ ਕਦੇ ਵੀ ਸੁਰੱਖਿਅਤ ਨਹੀਂ ਹੁੰਦੀਆਂ।

## ਕੀ ਫੇਂਟੇਨਿਲ ਦੀ ਵਰਤੋਂ ਮੈਨੂੰ ਮਾਰ ਸਕਦੀ ਹੈ?
**(Can using fentanyl kill me?)**

ਹਾਂ, ਜੇ ਤੁਸੀਂ ਬਹੁਤ ਜ਼ਿਆਦਾ ਲੈਂਦੇ ਹਨ ਤਾਂ ਇਹ ਜ਼ਹਿਰ ਬਣ ਸਕਦੀ ਹੈ। ਫੇਂਟੇਨਿਲ ਦੇ ਜ਼ਹਿਰੀਲੇਪਣ ਦੇ ਸ਼ੁਰੂਆਤੀ ਲੱਛਣਾਂ ਵਿੱਚ ਸ਼ਾਮਲ ਹਨ:

- ਨਿੰਦਰਾਇਆਪਣ

- ਸਾਹ ਲੈਣ ਵਿੱਚ ਮੁਸ਼ਕਿਲ (ਇਹ ਖੱਰਾਟੇ ਲੈਣ ਵਰਗੀ ਹੋ ਸਕਦੀ ਹੈ)
- ਹੌਲੀ-ਹੌਲੀ, ਘੱਟ ਗਹਿਰੇ ਸਾਹ ਆਉਣੇ
- ਠੰਡੀ, ਲਿਸਲਿਸੀ ਚਮੜੀ
- ਦਰਦ ਜਾਂ ਵਿਅਕਤੀ ਦੀ ਆਵਾਜ਼ ਪ੍ਰਤੀ ਗ਼ੈਰ-ਪ੍ਰਤੀਕਿਰਿਆਸ਼ੀਲਤਾ

ਫੇਂਟੇਨਿਲ ਦਾ ਸਭ ਤੋਂ ਖਤਰਨਾਕ ਮਾੜਾ ਪ੍ਰਭਾਵ ਇਹ ਹੈ ਕਿ ਇਹ ਤੁਹਾਡਾ ਸਾਹ ਰੋਕ ਸਕਦੀ ਹੈ।

## ਕੀ ਫੇਂਟੇਨਿਲ ਨਸ਼ੇ ਦੀ ਲਤ ਲਗਾਉਣ ਵਾਲੀ ਹੈ?
**(Is fentanyl addictive?)**

ਹਾਂ, ਫੇਂਟੇਨਿਲ ਨਸ਼ੇ ਦੀ ਲਤ ਵਾਲੀ ਹੋ ਸਕਦੀ ਹੈ। ਜੇ ਤੁਸੀਂ ਅਫ਼ੀਮ ਅਧਾਰਤ ਪਥਾਰਥਾਂ ਨੂੰ ਕਾਫੀ ਵਰਤਦੇ ਹੋ, ਤਾਂ ਤੁਹਾਨੂੰ ਲੱਗ ਸਕਦਾ ਹੈ ਕਿ ਤੁਹਾਡੇ ਵਿੱਚ ਇਸ ਲਈ ਸਹਿਣਸ਼ੀਲਤਾ ਪੈਦਾ ਹੋ ਜਾਂਦੀ ਹੈ ਅਤੇ ਤੁਹਾਨੂੰ ਇਸੇ ਤਰ੍ਹਾਂ ਦਾ ਪ੍ਰਭਾਵ ਹਾਸਲ ਕਰਨ ਲਈ ਇਸ ਦੀ ਜ਼ਿਆਦਾ ਤੋਂ ਜ਼ਿਆਦਾ ਲੋੜ ਹੁੰਦੀ ਹੈ। ਤੁਸੀਂ ਫੇਂਟੇਨਿਲ 'ਤੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਜ਼ਿਆਦਾ ਨਿਰਭਰ ਬਣ ਸਕਦੇ ਹੋ।

ਫੇਂਟੇਨਿਲ ਦੀ ਲਤ ਦੇ ਸ਼ਿਕਾਰ ਲੋਕ ਜਦੋਂ ਇਸ ਨੂੰ ਛੱਡ ਦਿੰਦੇ ਹਨ ਤਾਂ ਉਹਨਾਂ ਨੂੰ ਦਵਾਈ ਛੱਡਣ ਦੇ ਲੱਛਣ ਹੋ ਸਕਦੇ ਹਨ, ਜਿਸ ਵਿੱਚ ਸ਼ਾਮਲ ਹੈ:

- ਲਾਲਸਾ
- ਪਸੀਨਾ ਆਉਣਾ
- ਵੱਗਦਾ ਨੱਕ ਅਤੇ ਉਬਾਸੀਆਂ
- ਬੇਚੈਨੀ ਵਾਲੀ ਨੀਂਦ ਜਾਂ ਸੌਣ ਵਿੱਚ ਮੁਸ਼ਕਿਲਾਂ
- ਕਮਜ਼ੋਰੀ
- ਮਚਲੀ ਜਾਂ ਉਲਟੀ
- ਢਿੱਡ ਵਿੱਚ ਕੱੜਵੱਲ
- ਦਸਤ
- ਮਾਸਪੇਸ਼ੀ ਵਿੱਚ ਅਕੜਾਹਟ ਜਾਂ ਹੱਡੀ ਵਿੱਚ ਦਰਦ
- ਕਾਂਬਾ ਚੜ੍ਹਨਾ ਜਾਂ ਰੌਂਗਟੇ ਖੜੇ ਹੋਣੇ
- ਚਿੜਚਿੜਾਹਟ ਦੀ ਭਾਵਨਾ

ਆਖਰੀ ਵਾਰੀ ਤੁਹਾਡੇ ਵੱਲੋਂ ਫੇਂਟੇਨਿਲ ਲੈਣ ਤੋਂ ਬਾਅਦ 12 ਤੋਂ 30 ਘੰਟਿਆਂ ਦਰਮਿਆਨ ਦਵਾਈ ਛੱਡਣ ਦੇ ਹਲਕੇ ਲੱਛਣ ਆਮ ਤੌਰ 'ਤੇ ਸ਼ੁਰੂ ਹੁੰਦੇ ਹਨ। ਹਾਲਾਂਕਿ ਸਭ ਤੋਂ ਮਾੜੇ ਲੱਛਣ ਕੁਝ ਹੀ ਦਿਨਾਂ ਵਿੱਚ ਠੀਕ ਹੋ ਜਾਣਗੇ, ਪਰ ਠੀਕ ਮਹਿਸੂਸ ਕਰਨ ਵਿੱਚ ਮਹੀਨੇ ਲੱਗ ਸਕਦੇ ਹਨ। ਅਫ਼ੀਮ ਛੱਡਣ ਦੇ ਲੱਛਣ ਬਹੁਤ ਹੀ ਬੇਆਰਾਮੀ ਵਾਲੇ ਹੋ ਸਕਦੇ ਹਨ, ਇਸ ਲਈ ਉਹਨਾਂ ਨੂੰ ਨਿਗਰਾਨੀ ਹੇਠਲੀ ਦੇਖਭਾਲ ਹੇਠ ਬੰਦ ਕਰਨਾ ਬਿਹਤਰੀਨ ਹੁੰਦਾ ਹੈ।

## ਜੇ ਮੈਂ ਐਂਟੀਡੋਟ (ਨੈਲੋਕਸੋਨ) ਲਈ ਹੈ ਤਾਂ ਕੀ ਫੇਂਟੇਨਿਲ ਨੂੰ ਵਰਤਣਾ ਸੁਰੱਖਿਅਤ ਹੈ?
**(If I have the antidote (naloxone), is fentanyl safe to use?)**

ਫੇਂਟੇਨਿਲ ਉਸ ਸਮੇਂ ਸੁਰੱਖਿਅਤ ਹੁੰਦੀ ਹੈ ਜਦੋਂ ਇਸ ਨੂੰ ਲੈਣ ਦਾ ਮਸ਼ਵਰਾ ਡਾਕਟਰ ਵੱਲੋਂ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਨਿਰਦੇਸ਼ ਮੁਤਾਬਕ ਲਿਆ ਜਾਂਦਾ ਹੈ। ਫੇਂਟੇਨਿਲ ਦੀਆਂ ਪੱਟੀਆਂ ਜਾਂ ਗੋਲੀਆਂ ਦਵਾਈ ਨੂੰ ਹੌਲੀ-ਹੌਲੀ ਛੱਡਦੀਆਂ ਹਨ। ਜੇ ਤੁਸੀਂ ਪ੍ਰਬਲ ਜਾਂ ਤੇਜ਼ੀ ਨਾਲ ਪ੍ਰਭਾਵ ਲੈਣ ਲਈ ਦਵਾਈ ਬਦਲਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਜ਼ਹਿਰ ਦੇ ਸਕਦੇ ਹੋ। ਜਿਹੜੀ ਫੇਂਟੇਨਿਲ ਗ਼ੈਰਕਾਨੂੰਨੀ ਢੰਗ ਨਾਲ ਬਣੀ ਹੁੰਦੀ ਹੈ ਉਸ ਵਿੱਚ ਫੇਂਟੇਨਿਲ ਦੀ ਅਣਜਾਣੀ ਮਾਤਰਾ ਹੁੰਦੀ ਹੈ ਅਤੇ ਉਸ ਵਿੱਚ ਕੋਕੀਨ, ਹੈਰੋਇਨ, ਅਤੇ ਜ਼ਾਇਲਾਜ਼ਾਈਨ (xylazine) (ਇੱਕ ਅਜਿਹੀ ਦਵਾਈ ਜੋ ਦਰਦ ਲਈ ਪਸ਼ੂਆਂ ਨੂੰ ਦਿੱਤੀ ਜਾਂਦੀ ਹੈ), ਸ਼ਾਮਲ ਹੋ ਸਕਦੀ ਹੋ ਜਿਸ ਨਾਲ ਉਪਯੋਗਕਰਤਾਵਾਂ ਨੂੰ ਜ਼ਹਿਰ ਚੜ੍ਹਨ ਦਾ ਖਤਰਾ ਹੁੰਦਾ ਹੈ।

ਨੈਲੋਕਸਨ ਫੇਂਟੇਨਿਲ ਅਤੇ ਹੋਰ ਅਫ਼ੀਮ-ਪਦਾਰਥ ਦੇ ਜ਼ਹਿਰੀਲੇਪਣ ਦੇ ਲੱਛਣਾਂ ਨੂੰ ਉਲਟਾ ਸਕਦੀ ਹੈ। ਪਰ, ਇਹ ਹਰ ਵਾਰ ਅਸਰ ਨਹੀਂ ਕਰਦੀ ਅਤੇ ਨੈਲੋਕਸਨ ਦੇ ਪ੍ਰਭਾਵ ਅਫ਼ੀਮ ਜਿੰਨੇ ਲੰਬੇ ਨਹੀਂ ਹੋ ਸਕਦੇ।

MyHealth.Alberta.ca

Punjabi

## ਜੇ ਮੈਂ ਕਿਸੇ ਅਜਿਹੇ ਵਿਅਕਤੀ ਨੂੰ ਦੇਖਦਾ/ਦੇਖਦੀ ਹਾਂ ਜਿਸ ਨੂੰ ਫੈਂਟੇਨਿਲ ਕਰਕੇ ਜ਼ਹਿਰ ਚੜ੍ਹਿਆ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

**(What should I do if I see someone who is poisoned from fentanyl?)**

ਜੇ ਵਿਅਕਤੀ ਬੇਹੋਸ਼ ਹੋ ਜਾਂਦਾ ਹੈ, ਸਾਹ ਲੈਣਾ ਬੰਦ ਕਰ ਦਿੰਦਾ ਹੈ, ਉਸ ਦੀ ਛਾਤੀ ਵਿੱਚ ਦਰਦ ਹੁੰਦਾ ਹੈ, ਜਾਂ ਦੌਰੇ ਪੈਂਦੇ ਹਨ ਤਾਂ ਛੇਤੀ ਤੋਂ ਛੇਤੀ 911 'ਤੇ ਕਾਲ ਕਰੋ। ਜੇ ਵਿਅਕਤੀ ਦਾ ਸਾਹ ਰੁਕ ਜਾਂਦਾ ਹੈ ਜਾਂ ਨਬਜ਼ ਨਹੀਂ ਚਲਦੀ ਤਾਂ ਛਾਤੀ ਨੂੰ ਦਬਾ ਕੇ ਸਾਹ ਚਾਲੂ ਕਰਨ (Cardiopulmonary Resuscitation, CPR) ਦੀ ਸ਼ੁਰੂਆਤ ਕਰੋ। ਵਿਅਕਤੀ ਦੇ ਮੂੰਹ ਵਿੱਚੋਂ ਕੋਈ ਵੀ ਬਾਕੀ ਬਚਦੀਆਂ ਗੋਲੀਆਂ ਕੱਢ ਲਵੋ ਜਾਂ ਉਸ ਦੀ ਚਮੜੀ ਤੋਂ ਪੱਟੀਆਂ ਉਤਾਰ ਦਿਓ ਤਾਂ ਜੋ ਉਹ ਵਿਅਕਤੀ ਹੋਰ ਫੈਂਟੇਨਿਲ ਨਾ ਲੈ ਸਕੇ। ਜੇ ਤੁਹਾਡੇ ਕੋਲ ਨੈਲੋਕਸਨ ਹੈ, ਤਾਂ ਉਸ ਵਿਅਕਤੀ ਨੂੰ ਇਹ ਛੇਤੀ ਤੋਂ ਛੇਤੀ ਦੇ ਦਿਓ।

## ਜੇ ਮੈਂ ਫੈਂਟੇਨਿਲ ਲਈ ਹੈ ਅਤੇ ਮੈਨੂੰ ਲੱਗਦਾ ਹੈ ਕਿ ਮੈਨੂੰ ਫੈਂਟੇਨਿਲ ਦਾ ਜ਼ਹਿਰ ਚੜ੍ਹਿਆ ਹੈ ਤਾਂ ਕੀ ਕਰਨਾ ਚਾਹੀਦਾ ਹੈ?

**(What if I have taken fentanyl and I think I have fentanyl poisoning?)**

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਫੈਂਟੇਨਿਲ ਦਾ ਜ਼ਹਿਰੀਲਾਪਣ ਹੋ ਸਕਦਾ ਹੈ ਤਾਂ ਤੁਰੰਤ 911 'ਤੇ ਕਾਲ ਕਰੋ। ਹੋਰ ਕੋਈ ਗੋਲੀਆਂ ਨਾ ਲਵੋ। ਜੇ ਤੁਸੀਂ ਪੱਟੀਆਂ ਲਗਾ ਰਹੇ ਹੋ, ਤਾਂ ਉਹਨਾਂ ਨੂੰ ਉਤਾਰ ਦਿਓ ਤਾਂ ਜੋ ਤੁਸੀਂ ਹੋਰ ਫੈਂਟੇਨਿਲ ਜਜ਼ਬ ਨਾ ਕਰੋ।

## ਮੈਂ ਆਪਣੀ, ਜਾਂ ਕਿਸੇ ਹੋਰ ਦੀ ਫੈਂਟੇਨਿਲ ਦੀ ਦੁਰਵਰਤੋਂ ਬਾਰੇ ਚਿੰਤਤ ਹਾਂ। ਮੈਂ ਕੀ ਕਰ ਸਕਦਾ/ਸਕਦੀ ਹਾਂ?

**(I'm concerned about my, or someone else's, misuse of fentanyl. What can I do?)**

ਜੇ ਤੁਸੀਂ ਆਪਣੀ, ਜਾਂ ਕਿਸੇ ਹੋਰ ਦੀ ਫੈਂਟੇਨਿਲ ਦੀ ਦੁਰਵਰਤੋਂ ਬਾਰੇ ਚਿੰਤਤ ਹੋ, ਜਾਂ ਤੁਸੀਂ ਮਹਿਜ਼ ਡਰੱਗ ਦੀ ਵਰਤੋਂ ਬਾਰੇ ਜ਼ਿਆਦਾ ਜਾਣਕਾਰੀ ਲੈਣੀ ਚਾਹੁੰਦੇ ਹੋ, ਤਾਂ ਐਡੀਕਸ਼ਨ ਐਂਡ ਮੈਂਟਲ ਹੈਲਥ ਦੀ 24 ਘੰਟੇ ਦੀ ਹੈਲਪਲਾਈਨ ਨੂੰ 1-866-332-2322 'ਤੇ ਸੰਪਰਕ ਕਰੋ।

ਜ਼ਹਿਰ ਅਤ ਨਸ਼ੀਲੇ ਪਦਾਰਥਾਂ ਬਾਰੇ ਜਾਣਕਾਰੀ ਸੇਵਾ (The Poison and Drug Information Service, PADIS) ਸਾਰੇ ਅਲਬਰਟਾ ਵਾਸੀਆਂ ਦੀ ਇੱਕ ਮੁਫ਼ਤ, ਗੁਪਤ, 24/7 ਦੀ ਸੇਵਾ ਹੈ। ਸਟਾਫ ਨੂੰ ਫੈਂਟੇਨਿਲ ਵਰਗੀਆਂ ਡਰੱਗਜ਼ ਅਤੇ ਜ਼ਹਿਰੀਲੇ ਪਦਾਰਥਾਂ ਦੇ ਸੰਪਰਕ ਦੇ ਮੁਲਾਂਕਣ ਅਤੇ ਪ੍ਰਬੰਧਨ ਲਈ ਖਾਸ ਤੌਰ 'ਤੇ ਸਿਖਲਾਈ ਦਿੱਤੀ ਹੁੰਦੀ ਹੈ ਅਤੇ ਉਹ 1-800-332-1414 'ਤੇ ਕਾਲ ਕਰਕੇ ਉਪਲਬਧ ਹੁੰਦੇ ਹਨ।

ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ, ਨਰਸ ਤੋਂ ਸਲਾਹ ਅਤੇ ਆਮ ਸਿਹਤ ਜਾਣਕਾਰੀ ਲਈ health Link ਨੂੰ 811 'ਤੇ ਕਾਲ ਕਰੋ।

ਇਸ ਮਿਤੀ ਨੂੰ ਵਰਤਮਾਨ: 2 ਜੂਨ 2017
ਲੇਖਕ: Poison and Drug Information Service (PADIS)
ਸਰੋਤ: www.myhealth.alberta.ca

Alberta Health Services (ਅਲਬਰਟਾ ਹੈਲਥ ਸਰਵਿਸਿਜ਼) ਤੋਂ ਇਜਾਜ਼ਤ ਦੇ ਨਾਲ ਅਨੁਵਾਦ ਕੀਤੀ ਗਈ ਅਤੇ ਇਹ ਤੁਹਾਡੇ ਪ੍ਰਦਾਤਾ ਜਾਂ ਦੂਜੇ ਸਿਹਤ-ਸੰਭਾਲ ਪ੍ਰਦਾਤਾਵਾਂ ਤੋਂ ਤੁਹਾਨੂੰ ਮਿਲਣ ਵਾਲੀ ਦੇਖਭਾਲ ਬਾਰੇ ਸਲਾਹ ਦੇ ਵਿਕਲਪ ਦੇ ਇਰਾਦੇ ਨਾਲ ਨਹੀਂ ਦਿੱਤੀ ਗਈ ਹੈ। ਰੋਗ ਦੀ ਡਾਕਟਰੀ ਪਛਾਣ ਅਤੇ ਇਲਾਜ ਲਈ ਹਮੇਸ਼ਾ ਆਪਣੇ ਸਿਹਤ ਪੇਸ਼ੇਵਰ ਨਾਲ ਸਲਾਹ ਕਰੋ।